ਵਿਸ਼ਾ:- ਨੈਸ਼ਨਲ ਵੈਕਟਰ ਬੋਰਨ ਡਸੀਜ ਕੰਟਰੋਲ ਪ੍ਰੋਗਰਾਮ (ਐਨ.ਵੀ.ਬੀ.ਡੀ.ਸੀ.ਪੀ.)

1. ਮੇਰੇ ਵਲੋਂ ਅੱਜ ਮਿਤੀ 10-11-2010 ਨੂੰ ਮੀਟਿੰਗ ਕੀਤੀ ਗਈ। ਮਿਨਟਸ ਜਾਰੀ ਕੀਤੇ ਜਾਣ ਅਤੇ ਹੇਠ ਲਿਖੀਆਂ ਆਈਟਮਾਂ ਚੰਗੀ ਤਰ੍ਹਾਂ ਮਿਨਟਸ ਵਿੱਚ ਪਾਈਆਂ ਜਾਣ:

(1) ਏਪੀਡੇਮੋਲੋਜਿਸਟ ਦੀਆਂ ਖਾਲੀ ਪੋਸਟਾਂ ਇਸ ਸਮੇਂ ਆਈ.ਡੀ.ਐਸ.ਪੀ. ਪ੍ਰੋਗਰਾਮ ਅਧੀਨ 20 ਪੋਸਟਾਂ ਵਿਚੋਂ 9 ਪੋਸਟਾਂ ਖਾਲੀ ਪਈਆਂ ਹਨ। ਤੁਰੰਤ ਐਡਵਰਟਾਈਮੈਂਟ ਦੇ ਕੇ ਇਹ ਪੋਸਟਾਂ ਭਰੀਆਂ ਜਾਣ। ਪੇ ਸਕੇਲ ਐਸ.ਪੀ.ਐਮ. ਦਾ 35,000/-, ਐਮ.ਬੀ.ਬੀ.ਐਸ. ਦਾ 30,000/- ਅਤੇ ਬੀ.ਐਸ.ਸੀ. ਦਾ 25,000/- ਰਖਿਆ ਜਾਵੇ;

(2) **ਖਰਚਾ:** ਪਿਛਲੇ ਸਾਲ ਦੀ ਦੂਜੀ ਇੰਸਟਾਲਮੈਂਟ ਨਹੀਂ ਲਈ ਗਈ ਕਿਉਂਕਿ ਅਸੀਂ ਸਮੇਂ ਸਿਰ ਪਹਿਲੀ ਇੰਸਟਾਲਮੈਂਟ ਖਰਚ ਕਰਕੇ ਭਾਰਤ ਸਰਕਾਰ ਨੂੰ ਰਿਪੋਰਟ ਨਹੀਂ ਭੇਜੀ। ਸਾਰੇ ਜਿਲ੍ਹਿਆਂ ਵਿੱਚ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜ਼ੋ ਪਹਿਲੀ ਇੰਸਟਾਲਮੈਂਟ ਰਲੀਜ ਕੀਤੀ ਗਈ ਹੈ, ਹਰ ਹਾਲਤ ਵਿੱਚ ਦਸੰਬਰ ਤੱਕ ਖਰਚ ਕਰਨ ਤਾਂ ਜ਼ੋ ਅਸੀਂ ਭਾਰਤ ਸਰਕਾਰ ਤੋਂ ਸੈਕੰਡ ਇੰਸਟਾਲਮੈਂਟ ਮੰਗ ਸਕਿਏ। ਜ਼ਦੋਂ ਤੱਕ ਸੈਕੰਡ ਇੰਸਟਾਲਮੈਂਟ ਨਹੀਂ ਆਉਂਦੀ ਤਾਂ ਐਨ.ਆਰ.ਐਚ.ਐਮ. ਤੋਂ ਐਡਵਾਂਸ ਲੈ ਕੇ ਇਹ ਪੈਸਾ ਖਰਚ ਕਰ ਸਕਦੇ ਹਾਂ। ਸਾਡੇ ਵਲੋਂ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਕਿ ਜ਼ੋ ਇਸ ਸਾਲ ਦਾ ਬਜਟ ਪ੍ਰੋਵੀਜਨ ਕੀਤਾ ਹੈ, ਉਹ ਅਸੀਂ ਖਰਚ ਕਰ ਦੇਈਏ;

(3) **ਪਾਣੀ ਦੇ ਸੈਂਪਲ:** ਪਾਣੀ ਦੇ ਸੈਂਪਲ ਲਈ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ:

(ੳ) ਜੇਕਰ ਪਾਣੀ ਦਾ ਸੈਂਪਲ ਫੇਲ੍ਹ ਹੋ ਜਾਂਦਾ ਹੈ ਤਾਂ ਸਿਹਤ ਵਿਭਾਗ ਦੀ ਜਿੰਮੇਵਾਰੀ ਅਤੇ ਕੀ ਪਾਵਰਾਂ ਹਨ?

(ਅ) ਸਟੈਂਡਰਡ ਬੋਤਲਾਂ ਖਰੀਦੀਆਂ ਜਾਣ ਅਤੇ ਜੇਕਰ ਕੋਈ ਬਜਟ ਦੀ ਪ੍ਰੋਬਲਮ ਹੈ ਤਾਂ ਐਮ.ਡੀ. ਐਨ.ਆਰ.ਐਚ.ਐਮ. ਰਾਹੀਂ ਮੈਨੂੰ ਦੱਸਿਆ ਜਾਵੇ;

(ੲ) ਸਿਵਲ ਸਰਜਨ ਨੂੰ ਹਦਾਇਤ ਕੀਤੀ ਜਾਵੇ ਕਿ ਆਟੋ ਪਲੇਅਰ ਉਨ੍ਹਾਂ ਨੂੰ ਅਵੇਲਏਬਲ ਕਰਾਇਆ ਜਾਵੇ;

(ਸ) ਸੈਂਪਲ ਫੇਲ੍ਹ ਹੁੰਦਾ ਹੈ ਤਾਂ ਪੜਤਾਲ ਕੀਤੀ ਜਾਵੇ ਕਿ ਪ੍ਰਾਈਮਰੀ ਸੋਰਸ ਹੀ ਖਰਾਬ ਹੈ ਜਾਂ ਡਿਸਟ੍ਰੀਬੂਸ਼ਨ ਵਿੱਚ ਪ੍ਰੋਬਲਮ ਹੈ।

(4) **ਟੂਰਿੰਗ:** ਅਫਸਰਾਂ ਦੇ ਟੂਰਿੰਗ ਦਾ ਟੀਚਾ ਫਿਕਸ ਕੀਤਾ ਜਾਵੇ ਅਤੇ ਚੰਗੀ ਤਰ੍ਹਾਂ ਮੋਨੀਟਰ ਕੀਤਾ ਜਾਵੇ।

(5) **ਮਲੇਰੀਆ ਪ੍ਰੋਗਰਾਮ:** ਸਾਲ 2011-12 ਵਿੱਚ ਮਲੇਰੀਆ ਨੂੰ ਟੈਕਲ ਕਰਨ ਲਈ -

(1) ਜ਼ੋ ਮੁਲਾਜਮ ਪੱਕੇ ਤੌਰ ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਲਗੇ ਹਨ, ਉਨ੍ਹਾਂ ਦਾ ਜਾਇਜਾ;

(2) ਸਪਰੇਅ ਲਈ ਹੋਰ ਬੰਦੇ, ਉਨ੍ਹਾਂ ਦੀ ਗਿਣਤੀ ਅਤੇ ਬਜਟ;

(3) ਦਵਾਈਆਂ ਦੀ ਖਰੀਦ ਲਈ ਬਜਟ।

ਹਰ ਹਾਲਤ ਵਿੱਚ ਅਗਲੇ ਸਾਲ ਵਿੱਚ ਮਲੇਰੀਆ ਪ੍ਰੋਗਰਾਮ ਗਾਈਡ ਲਾਈਨਾਂ ਦੇ ਮੁਤਾਬਿਕ ਅਤੇ ਸਹੀ ਢੰਗ ਨਾਲ ਕੀਤਾ ਜਾਵੇ।

2. ਇਸ ਸਬੰਧੀ ਅਗਲੀ ਮੀਟਿੰਗ ਜਨਵਰੀ, 2011 ਵਿੱਚ ਕੀਤੀ ਜਾਵੇਗੀ।

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ
11-11-2010

ਐਮ.ਡੀ. ਐਨ.ਆਰ.ਐਚ.ਐਮ.